# ਪੰਜਾਬ ਸਰਕਾਰ ਗਜ਼ਟ

## ਅਸਾਧਾਰਣ

ਅਥਾਰਟੀ ਵੱਲੋਂ ਪ੍ਰਕਾਸ਼ਿਤ

ਚੰਡੀਗੜ੍ਹ, ਸੋਮਵਾਰ, 13 ਜੂਨ, 2022

(ਜੇਠ 23, 1944 ਸਾਕਾ)

ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ- I | ਐਕਟ | |
| | ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2021 (2022 ਦਾ ਪੰਜਾਬ ਐਕਟ ਨੰ.11) | ........45 |
| ਭਾਗ- II | ਆਰਡੀਨੈਂਸ | |
| | ਕੋਈ ਨਹੀਂ | |
| ਭਾਗ- III | ਸੌਂਪਿਆ ਗਿਆ ਵਿਧਾਨ | |
| | ਕੋਈ ਨਹੀਂ | |
| ਭਾਗ- IV | ਦਰੁੱਸਤੀ ਪਰਚੀਆਂ, ਪੁਨਰ-ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ | |
| | ਕੋਈ ਨਹੀਂ | |


============

ਭਾਗ-1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ, ਪੰਜਾਬ

ਅਧਿਸੂਚਨਾ

13 ਜੂਨ, 2022

ਨੰ: 11-ਵਿਧਾਨ/2022.-ਪੰਜਾਬ ਰਾਜ ਦੇ ਵਿਧਾਨ ਮੰਡਲ ਦੇ ਹੇਠ ਦਰਸਾਏ ਐਕਟ ਨੂੰ 30 ਦਸੰਬਰ, 2021 ਨੂੰ ਪੰਜਾਬ ਦੇ ਰਾਜਪਾਲ ਜੀ ਦੀ ਸਹਿਮਤੀ ਪ੍ਰਾਪਤ ਹੋਈ ਅਤੇ ਇਸ ਦੁਆਰਾ ਇਸ ਨੂੰ ਆਮ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾਂਦਾ ਹੈ:-

ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2021

(2022 ਦਾ ਪੰਜਾਬ ਐਕਟ ਨੰ: 11)

ਪੰਜਾਬ ਰਾਜ ਭਾਸ਼ਾ ਐਕਟ, 1967 ਵਿਚ ਸੋਧ ਕਰਨ ਲਈ ਇਕ ਹੋਰ ਐਕਟ।

ਭਾਰਤ ਗਣਰਾਜ ਦੇ ਬਹੱਤਰਵੇਂ ਸਾਲ ਵਿਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ :-

1. (1) ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2021 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਆਰੰਭ।

(2) ਇਸ ਨੂੰ ਸਰਕਾਰੀ ਗਜ਼ਟ ਵਿਚ ਇਸ ਦੇ ਪ੍ਰਕਾਸ਼ਿਤ ਹੋਣ ਦੀ ਤਾਰੀਖ਼ ਤੋਂ ਨਾਫਜ਼ ਅਤੇ ਪ੍ਰਭਾਵੀ ਹੋਣਾ ਸਮਝਿਆ ਜਾਵੇਗਾ।

2. ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਧਾਰਾ 8-ਡੀ ਦੀ ਉਪ-ਧਾਰਾ (2) ਤੋਂ ਬਾਅਦ, ਹੇਠ ਲਿਖੀ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:- 1967 ਦੇ ਪੰਜਾਬ ਐਕਟ ਨੰ:5 ਦੀ ਧਾਰਾ 8-ਡੀ ਵਿੱਚ ਸੋਧ।

"(3) ਜੇਕਰ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੇ ਉਪਬੰਧਾਂ ਜਾਂ ਇਨ੍ਹਾਂ ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਦੀ ਉਲੰਘਣਾ ਕਰਦਾ ਹੈ

ਤਾਂ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਡਾਇਰੈਕਟਰ, ਭਾਸ਼ਾ ਵਿਭਾਗ ਦੀਆਂ ਸਿਫਾਰਸ਼ਾਂ ਅਨੁਸਾਰ ਉਸ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾਵੇਗਾ ਅਤੇ ਜੇਕਰ ਅਧਿਕਾਰੀ ਜਾਂ ਕਰਮਚਾਰੀ ਦੁਆਰਾ ਦਿੱਤਾ ਗਿਆ ਜਵਾਬ ਤਸੱਲੀਬਖ਼ਸ ਨਹੀਂ ਹੁੰਦਾ ਹੈ, ਤਾਂ ਅਧਿਕਾਰੀ ਜਾਂ ਕਰਮਚਾਰੀ ਪਹਿਲੀ ਵਾਰ ਉਲੰਘਣਾ ਕਰਨ ਤੇ ਪੰਜ ਸੌ ਰੁਪਏ ਦਾ ਜੁਰਮਾਨਾ ਅਦਾ ਕੀਤੇ ਜਾਣ ਦਾ ਭਾਗੀ ਹੋਵੇਗਾ ਅਤੇ ਇਸੇ ਤਰ੍ਹਾਂ ਜੇਕਰ ਉਹ ਦੂਜੀ ਵਾਰ ਅਜਿਹੀ ਉਲੰਘਣਾ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਹ ਦੋ ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਅਦਾ ਕੀਤੇ ਜਾਣ ਦਾ ਭਾਗੀ ਹੋਵੇਗਾ ਅਤੇ ਜੇ ਉਹ ਤੀਜੀ ਵਾਰ ਅਜਿਹੀ ਉਲੰਘਣਾ ਕੀਤੇ ਜਾਣ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਹ ਪੰਜ ਹਜ਼ਾਰ ਰੁਪਏ ਤੱਕ ਦੇ ਜੁਰਮਾਨੇ ਅਦਾ ਕੀਤੇ ਜਾਣ ਦਾ ਭਾਗੀ ਹੋਵੇਗਾ। ਅਜਿਹਾ ਜੁਰਮਾਨਾ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਦੀ ਤਨਖ਼ਾਹ ਵਿਚੋਂ ਸਬੰਧਤ ਵੰਡ ਅਤੇ ਖ਼ਰਚ ਅਧਿਕਾਰੀ ਵੱਲੋਂ ਵਸੂਲ ਕੀਤਾ ਜਾਵੇਗਾ:

ਬਸ਼ਰਤੇ ਕਿ ਅਜਿਹਾ ਜੁਰਮਾਨਾ ਵਸੂਲਣ ਤੋਂ ਪਹਿਲਾਂ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੂੰ ਸੁਣਵਾਈ ਕੀਤੇ ਜਾਣ ਦਾ ਮੌਕਾ ਦਿੱਤਾ ਜਾਵੇਗਾ।"

**ਐਸ.ਕੇ.ਅਗਰਵਾਲ,**

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,

ਕਾਨੂੰਨੀ ਅਤੇ ਵਿਧਾਨਕ ਮਾਮਲੇ ਵਿਭਾਗ

10990/11-2022/150ਕਾਪੀਆਂ/ਪੰਜਾਬ ਸਰਕਾਰ

ਪ੍ਰੈਸ, ਐਸ.ਏ.ਐਸ. ਨਗਰ

ਭਾਸ਼ਾ ਵਿਭਾਗ, ਪੰਜਾਬ,
ਡਾਇਰੀ 548
ਮਿਤੀ 4/7/2022
ਜਿਸਦੇ ...
ਮਿਤੀ ...

# Punjab Government Gazette

## EXTRAORDINARY

*Published by Authority*

CHANDIGARH, MONDAY, JUNE 13, 2022
(JYAISTHA 23, 1944 SAKA)

LEGISLATIVE SUPPLEMENT

**Contents** *Pages*

**Part - I** **Acts**

The Punjab Official Language (Amendment) Act, 2021.
(Punjab Act No. 11 of 2022) ..45

**Part - II** **Ordinances**

*Nil*

**Part - III** **Delegated Legislation**

*Nil*

**Part - IV** **Correction Slips, Republications and Replacements**

*Nil*

------

## PART I

## GOVERNMENT OF PUNJAB

## DEPARTMENT OF LEGAL AND LEGISLATIVE AFFAIRS, PUNJAB

## NOTIFICATION

The 13th June, 2022

**No.11-Leg./2022.-** The following Act of the Legislature of the State of Punjab received the assent of the Governor of Punjab on the 30th day of December, 2021, is hereby published for general information:-

## THE PUNJAB OFFICIAL LANGUAGE (AMENDMENT) ACT, 2021

**(Punjab Act No. 11 of 2022)**

AN

ACT

further to amend the Punjab Official Language Act, 1967.

BE it enacted by the Legislature of the State of Punjab in the Seventy-second Year of the Republic of India as follows:-

1. (1) This Act may be called the Punjab Official Language (Amendment) Act, 2021. Short title and commencement.

(2) It shall come into force on and with effect from the date of its publication in the Official Gazette.

2. In the Punjab Official Language Act, 1967, in section 8-D, after sub-section (2), the following sub-section shall be added, namely:- Amendment in section 8-D of Punjab Act 5 of 1967.

"(3) If any officer or official violates the provisions of this Act or the notification issued thereunder, the Director, Languages finds this prima facie case and upon issuance of show cause notice, if the reply filed by the officer or official is not satisfactory, then he shall be liable to fine of rupees five hundred for the first time and if he finds guilty for the second time, he shall be liable to fine upto rupees two thousand and if he finds guilty for the third time, he shall be liable for fine upto rupees five thousand. Such fine shall be recovered by the concerned Drawing and Disbursing Officer from the salary of the concerned officer or official:

Provided that before recovering such fine, the concerned officer or official, shall be given an opportunity of being heard.".

**S.K. AGGARWAL,**
Principal Secretary to Government of Punjab,
Department of Legal and Legislative Affairs.

*2588/6-2022/Pb. Govt. Press, S.A.S. Nagar*